# ਯੂਰੋਪੀ ਸੰਘ ਤੋਂ ਵੱਖ ਹੋਣ ਤੋਂ ਬਾਅਦ ਬ੍ਰਿਟੇਨ ਵਾਸੀਆਂ ਨੇ ਚੁੱਕੀ ਸਕਾਟਲੈਂਡ ਦੀ ਅਜ਼ਾਦੀ ਦੀ ਮੰਗ



**ਲੰਦਨ :** ਜਨਮਤ ਸੰਗ੍ਰਹਿ ਵਿਚ ਬ੍ਰਿਟੇਨ ਦੇ ਜ਼ਿਆਦਾਤਰ ਲੋਕਾਂ ਵੱਲੋਂ ਯੂਰੋਪੀ ਸੰਘ ਤੋਂ ਵੱਖ ਹੋਣ ਵਾਲੇ ਵਿਕਲਪ ਦੀ ਚੋਣ ਤੋਂ ਬਾਅਦ ਸਕਾਟਲੈਂਡ ਦੀ ਅਜ਼ਾਦੀ ਦੀ ਮੰਗ ਮੁੜ ਜ਼ੋਰ ਫੜਨ ਲੱਗੀ ਹੈ। ਹੁਣ ਇਥੇ ਕਰੀਬਨ 60 ਫੀਸਦੀ ਲੋਕ ਹੁਣ ਬ੍ਰਿਟੇਨ ਤੋਂ ਸਕਾਟਲੈਂਡ ਦੀ ਅਜ਼ਾਦੀ ਦੇ ਸਮਰਥਨ ਵਿਚ ਹੈ। ਹਫ਼ਤੇਵਾਰ ਸਮਾਚਾਰ ਪੱਤਰ 'ਦ ਸੰਡੇ ਪੋਸਟ' ਵੱਲੋਂ ਕਰਾਏ ਗਏ ਓਪੀਨਿਅਨ ਪੋਲ ਵਿਚ 59 ਫੀਸਦੀ ਲੋਕਾਂ ਨੇ ਬ੍ਰਿਟੇਨ ਤੋਂ ਅਜ਼ਾਦੀ ਦਾ ਸਮਰਥਨ ਕੀਤਾ ਹੈ। ਇਹ ਗਿਣਤੀ ਸਾਲ 2014 ਤੋਂ ਕਰਾਏ ਗਏ ਜਨਮਤ ਸੰਗ੍ਰਹਿ ਵਿਚ ਅਜ਼ਾਦੀ ਦੇ ਪੱਖ ਵਿਚ ਵੋਟ ਪਾਉਣ ਵਾਲਿਆਂ ਤੋਂ ਵੱਧ ਹੈ। ਉਸ ਸਮੇਂ ਅਜ਼ਾਦੀ ਦੇ ਸਮਰਥਨ ਵਿਚ 45 ਫੀਸਦੀ ਲੋਕਾਂ ਨੇ ਵੋਟ ਪਾਏ ਸਨ। ਇਸਦੇ ਬਾਅਦ ਸਕਾਟਲੈਂਡ ਨੇ ਬ੍ਰਿਟੇਨ ਦੇ ਨਾਲ ਬਣੇ ਰਹਿਣ ਦਾ ਫੈਸਲਾ ਲਿਆ ਸੀ। ਸਕਾਟਲੈਂਡ ਵਿਚ ਸੱਤਾਰੂੜ ਪਾਰਟੀ ਦੀ ਨੇਤਾ ਨਿਕੋਲਾ ਸਟਰਜਨ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਅਜ਼ਾਦੀ ਨੂੰ ਲੈ ਕੇ ਇਕ ਨਵਾਂ ਜਨਮਤ ਸੰਗ੍ਰਹਿ ਹੋ ਸਕਦਾ ਹੈ। ਸਾਲ 2014 ਵਿਚ ਹੋਏ ਜਨਮਤ ਸੰਗ੍ਰਹਿ ਵਿਚ ਸਕਾਟਲੈਂਡ ਦੇ ਜ਼ਿਆਦਾਤਰ ਲੋਕਾਂ ਨੇ ਇਸ ਵਿਚਾਰ ਨਾਲ ਬ੍ਰਿਟੇਨ ਵਿਚ ਰਹਿਣ ਦੇ ਪੱਖ ਵਿਚ ਵੋਟ ਪਾਇਆ ਕਿਉਂਕਿ ਤੱਦ ਬ੍ਰਿਟੇਨ ਯੂਰੋਪੀ ਸੰਘ ਦਾ ਹਿੱਸਾ ਸੀ ਤੇ ਬ੍ਰਿਟੇਨ ਤੋਂ ਵੱਖ ਹੋਣ ਨਾਲ ਸਕਾਟਲੈਂਡ ਯੂਰੋਪੀ ਸੰਘ ਤੋਂ ਬਾਹਰ ਹੋ ਸਕਦਾ ਸੀ।

# ਅਮਰੀਕਾ ਵਾਲਿਆਂ ਨੂੰ ਕਰੋੜਾਂ ਦਾ ਚੂਨਾ ਲਾਉਣ ਵਾਲੇ ਭਾਰਤੀ ਜੋੜੇ 'ਤੇ ਚੱਲੇਗਾ ਮੁਕੱਦਮਾ



**ਵਾਸ਼ਿੰਗਟਨ :** ਅਮਰੀਕਾ ਵਿਚ ਲੱਖਾਂ ਰੁਪਿਆਂ ਦੇ ਘਪਲੇ ਦੇ ਮਾਮਲੇ ਵਿਚ ਇਕ ਭਾਰਤੀ ਮੂਲ ਦੇ ਅਮਰੀਕੀ ਜੋੜੇ 'ਤੇ ਮੁਕੱਦਮਾ ਕੀਤਾ ਗਿਆ ਹੈ ਅਤੇ ਇਸ ਮਾਮਲੇ ਵਿਚ ਪਤੀ-ਪਤਨੀ ਨੂੰ 30 ਸਾਲ ਦੀ ਕੈਦ ਅਤੇ 10-10 ਲੱਖ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਜਾਣਕਾਰੀ ਮੁਤਾਬਕ ਪੇਤੀਨਾਇਡੂ ਵੇਲੁੰਚਾਮੀ (70) ਅਤੇ ਉਸ ਦੀ ਪਤਨੀ ਪਰਮੇਸ਼ਵਰੀ ਵੇਲੁੰਚਾਮੀ (65) ਨੇ ਚਾਰ ਕਰੋੜ ਡਾਲਰ ਦਾ ਨਿੱਜੀ ਅਤੇ ਕਾਰਪੋਰੇਟ ਕਰਜ਼ਾ ਲਿਆ ਅਤੇ ਬਾਅਦ ਵਿਚ ਖੁਦ ਨੂੰ ਦੀਵਾਲੀਆ ਐਲਾਨ ਦਿੱਤਾ। ਇਸ ਤੋਂ ਬਾਅਦ ਇਸ ਭਾਰਤੀ ਜੋੜੇ ਨੇ ਆਪਣੀਆਂ ਸੰਪੱਤੀਆਂ ਅਤੇ ਨਕਦੀ ਵੀ ਕਰਜ਼ਦਾਤਿਆਂ ਤੋਂ ਛਿਪਾਈ। ਇਨ੍ਹਾਂ ਦੋਹਾਂ ਪਤੀ-ਪਤਨੀ ਕੋਲ ਇਲਿਨੋਇਸ ਵਿਚ ਫਰਸਟ ਮਿਊਚਲ ਬੈਂਕਾਰਪ ਦਾ ਮਾਲਕੀ ਹੱਕ ਸੀ। ਉਹ ਮਿਊਚਲ ਬੈਂਕ ਲਈ ਹੋਲਡਿੰਗ ਕੰਪਨੀ ਫਰਸਟ ਮਿਊਚਲ ਬੈਂਕਕਾਰਪ ਦੇ ਮੁੱਖ ਸ਼ੇਅਰਧਾਰਕ ਸਨ। ਬੈਂਕ ਨੂੰ ਬੰਦ ਕਰਨ ਤੋਂ ਪਹਿਲਾਂ ਜੋੜੇ ਨੇ ਨਵੰਬਰ 2015 ਤੱਕ ਦਸਤਾਵੇਜ਼ਾਂ ਵਿਚ ਫਰਜ਼ੀਵਾੜਾ ਕਰਕੇ ਧਨ ਨੂੰ ਘਰੇਲੂ ਅਤੇ ਵਿਦੇਸ਼ੀ ਖਾਤਿਆਂ ਵਿਚ ਭੇਜ ਕੇ ਅਤੇ ਕਰਮੀਆਂ ਦੇ ਵਿੱਤੀ ਰਿਕਾਰਡ ਨਸ਼ਟ ਕਰਨ ਦੇ ਨਿਰਦੇਸ਼ ਦੇ ਕੇ ਲੱਖਾਂ ਦੀ ਜਾਇਦਾਦ ਕਰਜ਼ਦਾਤਿਆਂ ਤੋਂ ਛਿਪਾਈ।

# ਪ੍ਰਸਿੱਧ ਪਾਕਿਸਤਾਨੀ ਕੱਵਾਲ ਅਮਜਦ ਸਾਬਰੀ ਦੀ ਗੋਲੀਆਂ ਮਾਰ ਕੇ ਹੱਤਿਆ



**ਕਰਾਚੀ (ਐਮ.ਐਸ.ਐਸ.) :** ਪਾਕਿਸਤਾਨ ਦੇ ਪ੍ਰਸਿੱਧ ਕੱਵਾਲ ਅਮਜਦ ਸਾਬਰੀ ਦੀ ਕੁਝ ਲੋਕਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਕਰਾਚੀ ਵਿਚ ਵਾਪਰੀ, ਜਿਥੇ ਉਹ ਆਪਣੇ ਘਰ ਨੂੰ ਜਾ ਰਹੇ ਸਨ ਕਿ ਇਸ ਦੌਰਾਨ ਕੁਝ ਲੋਕਾਂ ਨੇ ਉਹਨਾਂ ਦੀ ਕਾਰ ਉਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਗੋਲੀਬਾਰੀ ਵਿਚ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਉਹਨਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲੈ ਜਾਇਆ ਗਿਆ, ਜਿਥੇ ਉਹਨਾਂ ਦੀ ਮੌਤ ਹੋ ਗਈ।

# ਆਸਟ੍ਰੇਲੀਆ 'ਚ ਸਿੱਖ ਬੀਬੀ ਨੂੰ ਮਿਲਿਆ ਵੋਮੈਨ ਆਫ ਦਿ ਯੀਅਰ ਐਵਾਰਡ




**ਕੈਨਬਰਾ/ ਮਵਦੀਲਾ ਬਿਓਰੋ**

ਆਸਟ੍ਰੇਲੀਆ ਵਿਚ ਇਕ ਸਿੱਖ ਬੀਬੀ ਨੂੰ ਵੋਮੈਨ ਆਫ ਦਿ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਬੀਬੀ ਸੰਘੇੜਾ 30 ਸਾਲ ਪਹਿਲਾਂ ਆਸਟਰੇਲੀਆ ਦੇ ਸ਼ਹਿਰ ਮੈਲਬਰਨ ਵਿੱਚ ਵਿਆਹੀ ਆਈ ਸੀ। ਇਥੇ ਕੁੱਝ ਸਮਾਂ ਰਹਿਣ ਮਗਰੋਂ ਉਨ੍ਹਾਂ ਦੇ ਪਤੀ ਨੇ ਸਾਊਥ ਆਸਟਰੇਲੀਆ ਦੇ ਪੇਂਡੂ ਇਲਾਕੇ ਰਿਵਰਲੈਂਡ ਨੇੜੇ ਲੁਕਸਟਨ ਵਿਖੇ ਕੁੱਝ ਜ਼ਮੀਨ ਖਰੀਦੀ ਅਤੇ ਖੇਤੀ ਸ਼ੁਰੂ ਕੀਤੀ ਪਰ ਕੁੱਝ ਸਾਲਾਂ ਬਾਅਦ ਹੀ ਉਸ ਦੇ ਪਤੀ ਦੀ ਇਕ ਹਾਦਸੇ ਵਿੱਚ ਮੌਤ ਹੋ ਗਈ। ਦਲਜੀਤ ਕੌਰ ਸੰਘੇੜਾ ਪੰਜਾਬ ਦੇ ਨਕੋਦਰ ਸ਼ਹਿਰ ਦੀ ਰਹਿਣ ਵਾਲੀ ਹੈ ਅਤੇ ਉਸ ਨੇ ਦੱਖਣੀ ਆਸਟਰੇਲੀਆ ਵਿੱਚ ਇਕ ਕਿਸਾਨ ਹੋਣ ਦੀ ਉਪਲੱਬਧੀ ਹਾਸਿਲ ਕੀਤੀ ਹੈ। ਸੰਘੇੜਾ ਨੂੰ ਰਿਵਰਲੈਂਡ ਕਮਿਊਨਿਟੀ ਨੇ ਸਫ਼ਲ ਕਿਸਾਨ ਦੇ ਤੌਰ 'ਤੇ 'ਵੋਮੈਨ ਆਫ ਦਾ ਯੀਅਰ' ਐਵਾਰਡ ਨਾਲ ਨਿਵਾਜਿਆ ਹੈ।

# ਚੀਨ 'ਚ ਬਣੇ ਪਹਿਲੇ ਜੈੱਟ ਜਹਾਜ਼ ਨੇ ਪਹਿਲੀ ਉਡਾਣ ਭਰੀ



**ਬੀਜਿੰਗ :** ਚੀਨ ਦੇ ਪਹਿਲੇ ਸਵਦੇਸ਼ੀ ਕਾਰੋਬਾਰੀ ਜੈੱਟ ਨੇ 70 ਯਾਤਰੀਆਂ ਨਾਲ ਅੱਜ ਪਹਿਲੀ ਉਡਾਣ ਭਰੀ। ਚੀਨ ਇਸ ਦੇ ਨਾਲ ਬੋਇੰਗ ਅਤੇ ਏਅਰਬੱਸ ਵਰਗੀਆਂ ਪੱਛਮੀ ਦੇਸ਼ਾਂ ਦੀਆਂ ਵੱਡੀਆਂ ਕੰਪਨੀਆਂ ਦੇ ਏਕਾਧਿਕਾਰ ਨੂੰ ਖਤਮ ਕਰਨਾ ਚਾਹੁੰਦਾ ਹੈ। ਸਰਕਾਰੀ ਅਖਬਾਰ ਪੀਪਲਜ਼ ਡੇਲੀ ਦੀ ਰਿਪੋਰਟ ਮੁਤਾਬਕ ਜੈੱਟ ਏ.ਆਰ. ਜੇ-21 ਨੇ ਦੱਖਣੀ ਪੱਛਮੀ ਚੀਨ ਦੇ ਸਿਚੁਆਨ ਪ੍ਰਾਂਤ ਦੇ ਚੇਂਗਦੂ ਸ਼ਹਿਰ ਤੋਂ ਸ਼ੰਘਾਈ ਲਈ ਉਡਾਣ ਭਰੀ। ਜੈੱਟ ਦਾ ਵਿਨਿਰਮਾਣ ਕਮਰਸ਼ੀਅਲ ਏਅਰਕ੍ਰਾਫਟ ਕਾਰਪੋਰੇਸ਼ਨ ਆਫ ਚਾਈਨਾ ਨੇ ਕੀਤਾ। ਪਹਿਲੀ ਉਡਾਣ 'ਚ 70 ਯਾਤਰੀ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਪੱਤਰਕਾਰ ਸਨ। ਏ.ਆਰ.ਜੇ. 21 ਦੀ ਲਾਗਤ ਪ੍ਰਤੀ ਸੀਟ ਏਅਰਬੱਸ ਅਤੇ ਬੋਇੰਗ ਦੇ ਬਰਾਬਰ ਦੇ ਮਾਡਲ ਦੇ ਮੁਕਾਬਲੇ ਘੱਟ ਹੈ।

# ਜੰਗ ਲੜ ਕੇ ਵੀ ਅਸੀਂ ਭਾਰਤ ਕੋਲੋਂ ਕਸ਼ਮੀਰ ਨਹੀਂ ਖੋਹ ਸਕਦੇ : ਸਾਬਕਾ ਪਾਕਿ ਵਿਦੇਸ਼ ਮੰਤਰੀ



**ਇਸਲਾਮਾਬਾਦ :** ਪਾਕਿਸਤਾਨ ਵਲੋਂ ਲੰਬੇ ਸਮੇਂ ਤੋਂ ਜਿਥੇ ਕਸ਼ਮੀਰ ਦੀ ਰਾਗ ਅਲਾਪਿਆ ਜਾ ਰਿਹਾ ਹੈ, ਉਥੇ ਪਾਕਿਸਤਾਨ ਦੀ ਵਿਦੇਸ਼ ਮੰਤਰੀ ਨੇ ਕਿਹਾ ਹੈ ਕਿ ਅਸੀਂ ਭਾਰਤ ਨਾਲ ਜੰਗ ਲੜ ਕੇ ਵੀ ਕਸ਼ਮੀਰ ਨੂੰ ਹਾਸਲ ਨਹੀਂ ਕਰ ਸਕਦੇ। ਇਕ ਪਾਕਿਸਤਾਨੀ ਚੈਨਲ ਨਾਲ ਗੱਲਬਾਤ ਦੌਰਾਨ ਪਾਕਿਸਤਾਨੀ ਦੀ ਸਾਬਕਾ ਵਿਦੇਸ਼ ਮੰਤਰੀ ਹੀਨਾ ਰੱਬਾਨੀ ਖਾਰ ਨੇ ਇਹ ਗੱਲ ਆਖੀ। ਉਹਨਾਂ ਕਿਹਾ ਕਿ ਦੋਨਾਂ ਦੇਸ਼ਾਂ ਵਿਚਾਲੇ ਦੁਸ਼ਮਣੀ ਦੇ ਮਾਹੌਲ ਵਿਚਾਲੇ ਇਹ ਮਸਲਾ ਕਦੇ ਵੀ ਹੱਲ ਨਹੀਂ ਹੋ ਸਕਦਾ। ਉਹਨਾਂ ਕਿਹਾ ਕਿ ਕਸ਼ਮੀਰ ਮੁੱਦੇ 'ਤੇ ਗੱਲਬਾਤ ਹੀ ਇਕ ਮਾਤਰ ਰਸਤਾ ਹੈ।

# ਕਿਥੇ ਨੇ ਉਹ ਲੋਕ ਜੋ ਗੀਤਾ ਨੂੰ ਆਪਣੀ ਬੇਟੀ ਹੋਣ ਦਾ ਦਾਵਾ ਕਰਦੇ ਸਨ? ਲੱਖਾਂ ਰੁਪਈਏ ਤੇ ਨੌਕਰੀਆਂ ਨਾਂ ਮਿਲਦੀਆਂ ਦੇਖ ਸਭ ਗ਼ੈਰ ਹੋ ਗਏ !

**ਡਾ. ਮਨਜੀਤ ਸਿੰਘ ਸਰਾਂ**

ਅੱਜ ਤੋਂ ਲਗਪਗ ਕੋਈ 8 ਮਹੀਨੇ ਪਹਿਲਾਂ ਪਾਕਿਸਤਾਨ 'ਚੋਂ ਭਾਰਤ ਵਾਪਸ ਆਈ ਲੜਕੀ ਗੀਤਾ ਨੂੰ ਹਰ ਕੋਈ ਅਪਣਾਉਣਾ ਚਾਹੁੰਦਾ ਸੀ ਕਿਉਂਕਿ ਸਭ ਨੂੰ ਆਸ ਸੀ ਕਿ ਸਰਬਜੀਤ ਵਾਂਗ ਉਨ੍ਹਾਂ ਨੂੰ ਵੀ ਲੱਖਾਂ ਰੁਪਈਏ ਤੇ ਨੌਕਰੀਆਂ ਮਿਲ ਜਾਣਗੀਆਂ। ਇਸ ਲਈ ਹਰ ਕੋਈ ਉਸਦਾ ਵਾਰਿਸ ਬਣਿਆ ਫਿਰਦਾ ਸੀ ਪਰ ਹੁਣ ਜਦੋਂ ਕੋਈ ਆਸ ਬੱਝਦੀ ਨਹੀਂ ਦਿਸੀ ਤਾਂ ਸਭ ਪਿਛੇ ਹੱਟ ਗਏ।

ਹੁਣ ਉਹਨਾਂ ਦਾਵੇਦਾਰਾਂ ਦਾ ਸਵਾਰਥ ਸਾਹਮਣੇ ਆ ਗਿਆ ਹੈ। ਕੋਈ ਵੀ ਉਸਨੂੰ ਇਨਸਾਨੀਅਤ ਨਾਤੇ ਧੀ ਬਣਾਉਣ ਲਈ ਤਿਆਰ ਨਹੀਂ ਹੈ। ਆਖ਼ਰਕਾਰ ਅਨਾਥ ਗੁੰਗੀ ਬੋਲੀ ਲੜਕੀ ਗੀਤਾ ਨੇ ਹੁਣ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਉਹ ਰੇਲ ਗੱਡੀ ਵਿਚ ਆਪਣੇ ਪਰਿਵਾਰ ਨੂੰ ਲੱਭਣਾ ਚਾਹੁੰਦੀ ਹੈ ਜਿਸ ਦੀ ਸਲਾਹ ਨੂੰ ਵਿਦੇਸ਼ ਮੰਤਰਾਲੇ ਨੇ ਤੁਰੰਤ ਸਵੀਕਾਰ ਕਰਦਿਆਂ ਰੇਲ ਮੰਤਰਾਲੇ ਨੂੰ ਸੁਝਾਅ ਭੇਜਿਆ ਹੈ ਕਿ ਉਹ ਗੀਤਾ ਨੂੰ ਮਹਿਮਾਨ ਵਜੋਂ ਸਾਰੀਆਂ ਸਵਿਧਾਵਾਂ ਪ੍ਰਦਾਨ ਕਰੇ।

ਜਾਣਕਾਰੀ ਅਨੁਸਾਰ ਸਫ਼ਰ ਦੌਰਾਨ ਗੀਤਾ ਦੇ ਨਾਲ ਉਨ੍ਹਾਂ ਦੇ ਕੁਝ ਸਹਿਯੋਗੀ ਵੀ ਨਾਲ ਰਹਿਣਗੇ ਨਾ ਬੋਲ ਨਾ ਸੁਣ ਸਕਣ ਕਾਰਨ ਇਕ ਅਨੁਵਾਦਕ ਵੀ ਉਨ੍ਹਾਂ ਦੇ ਨਾਲ ਰਹੇਗਾ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੀ ਗੱਲ ਸਮਝਾਈ ਜਾ ਸਕੇ। ਕੀ ਇਸ ਤਰਾਂ ਉਸਦੇ ਮਾਪੇ ਮਿਲਜਾਣਗੇ ਜੇ ਹੈ ਕੋਈ ਉਸਨੂੰ ਅਪਨਾਉਣ ਲਈ ਤਿਆਰ ਕਿਉਂ ਨਹੀਂ ਹੈ?

ਅੱਜ ਸਰਕਾਰ ਐਲਾਨ ਕਰ ਦੇਵੇ ਕਿ ਗੀਤਾ ਦੇ ਮਾਪਿਆਂ ਨੂੰ 25 ਲੱਖ ਰੁਪਈਏ ਦਿੱਤੇ ਜਾਣਗੇ ਤਾਂ ਅਨੇਕਾਂ ਪਰਿਵਾਰ ਉਸਨੂੰ ਅਪਨਾਉਣ ਲਈ ਤਿਆਰ ਹੋ ਜਾਣਗੇ ਅਤੇ ਉਹ ਵਿਚਾਰੀ ਤਕਦੀਰ ਦੀ ਮਾਰੀ ਆਈ ਕਿ ਆਪਣੇ ਦੇਸ਼ 'ਚ ਆਪਣਿਆਂ ਵਿਚਕਾਰ ਚਲੀ ਜਾਵੇਗੀ ਪਰ ਸ਼ਾਇਦ ਉਹ ਇਹ ਨਹੀਂ ਜਾਣਦੀ ਕਿ ਅੱਜ ਇਨਸਾਨੀ ਨਾਤੇ ਸਿਰਫ ਸਵਾਰਥ ਨਾਲ ਹੀ ਚਲਦੇ ਹਨ।